

# KIRTAN SOHILAA

www.vidhia.com


With Best Compliments from

**Gurcharan Singh Chhatwal**

Singh & Co. Veg. Fruit Ltd.

IMPORTERS AND WHOLESALERS OF FRESH FRUIT AND VEGETABLES

*Unit 39, Market Pavilion, 1 Sherrin Road,*

*New Spitalfields Market, Leyton, London E10 %SL*

*Tel: 020 8539 1166* *Fax: 020 8558 0470*

*020 8532 8231* *Telex: 889097*

ੴ ਸਤਿਗੁਰ ਪ੍ਰਸਾਦਿ ॥

# KIRTAN SOHILAA

(Gurmukhi and Roman English)

B. Chattar Singh Jiwan Singh

Amritsar.

Published by:-

**B. Chattar Singh Jiwan Singh**

Bazar Mai Sewan, Amritsar (INDIA).

Phone : (0183) 542346, 547974, 557973

Fax : (0183) 542346

E-Mail : csjs@jla.vsnl.net.in

Website : www csjs.com

Printed at Jeewan Printers Asr. Ph:0183-705003, 395774

# Key to Pronunciation

| | | |
|---|---|---|
| ਅ | a | u (as in but) |
| ਆ | aa | a (as in far) |
| ਇ | i | i (as in bit) |
| ਈ | ee | ee (as in meet) |
| ਉ | u | u (as in put) |
| ਊ | oo | oo (as in pool) |
| ਏ | e | ay (as in day) |
| ਐ | ai | a (as in cat) |
| ਔ | au | au (as in corner) |
| ਸ਼ | sh | sh (as in show) |
| ਖ | kh | kh (as in Sikh) |
| ਘ | gh | gh (as in ghee) |
| ਚ | ch | ch (as in cheese) |
| ਛ | chh | chh (as in chhamb) |
| ਟ | t | t (as in but) |
| ਠ | th | th (as in thaakur) |
| ਡ | d | d (as in door) |
| ਢ | dh | dh (as in dhaaba) |
| ਣ | n | nn (as in Rann Kachh) |
| ਤ | t | t (as in Taran Taran) |
| ਥ | th | th (as in three) |
| ਦ | d | d (as in that) |
| ਧ | dh | dh (as in dharam) |
| ੜ | r | r (as in Paapar) |
| ਜ਼ | z | z (as in zero) |

# ਕੀਰਤਨ ਸੋਹਿਲਾ

## ਸੋਹਿਲਾ

ਰਾਗੁ ਗਉੜੀ ਦੀਪਕੀ ਮਹਲਾ ੧

ੴ ਸਤਿਗੁਰ ਪ੍ਰਸਾਦਿ ॥

ਜੈ ਘਰਿ ਕੀਰਤਿ ਆਖੀਐ
ਕਰਤੇ ਕਾ ਹੋਇ ਬੀਚਾਰੋ ॥
ਤਿਤੁ ਘਰਿ ਗਾਵਹੁ ਸੋਹਿਲਾ
ਸਿਵਰਿਹੁ ਸਿਰਜਣਹਾਰੋ ॥ ੧ ॥
ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥
ਹਉ ਵਾਰੀ ਜਿਤੁ ਸੋਹਿਲੈ
ਸਦਾ ਸੁਖੁ ਹੋਇ ॥ ੧ ॥ ਰਹਾਉ ॥
ਨਿਤ ਨਿਤ ਜੀਅੜੇ ਸਮਾਲੀਅਨਿ
ਦੇਖੈਗਾ ਦੇਵਣਹਾਰੁ ॥
ਤੇਰੇ ਦਾਨੈ ਕੀਮਤਿ ਨਾ ਪਵੈ
ਤਿਸੁ ਦਾਤੇ ਕਵਣੁ ਸੁਮਾਰੁ ॥ ੨ ॥
ਸੰਬਤਿ ਸਾਹਾ ਲਿਖਿਆ
ਮਿਲਿ ਕਰਿ ਪਾਵਹੁ ਤੇਲੁ ॥
ਦੇਹੁ ਸਜਣ ਅਸੀਸੜੀਆ
ਜਿਉ ਹੋਵੈ ਸਾਹਿਬ ਸਿਉ ਮੇਲੁ ॥ ੩ ॥

# KIRTAN SOHILAA

**Sohila**

**Raag Gauree Deepkee Mahlaa 1.**

**Ik-Oankaar Sat-Gur-Prasaad.**

Jai ghar keerat aakheeai,
karte kaa hoe beechaaro.
Tit ghar gaavoh sohilaa,
sivrioh sirjaṇhaaro.1.
Tum gaavoh mere nirbhau kaa sohilaa.
Hau vaaree jit sohilai,
sadaa sukh hoe.1. Rahaao.
Nit nit jeeaṛe samaaleean,
dekhaigaa devaṇhaar.
Tere daanai keemat naa pavai,
tis daate kavaṇ sumaar.2.
Sambat saahaa likhiaa,
mil kar paavoh tel.
Deh sajan aseesaṛeeaa,
jio hovai Saahib sio mel.3.

ਘਰਿ ਘਰਿ ਏਹੋ ਪਾਹੁਚਾ
ਸਦੜੇ ਨਿਤ ਪਵੰਨਿ॥
ਸਦਣਹਾਰਾ ਸਿਮਰੀਐ
ਨਾਨਕ ਸੇ ਦਿਹ ਆਵੰਨਿ॥੪॥੧॥

ਰਾਗੁ ਆਸਾ ਮਹਲਾ ੧॥

ਛਿਅ ਘਰ ਛਿਅ ਗੁਰ ਛਿਅ ਉਪਦੇਸ॥
ਗੁਰੁ ਗੁਰੁ ਏਕੋ ਵੇਸ ਅਨੇਕ॥੧॥
ਬਾਬਾ ਜੈ ਘਰਿ ਕਰਤੇ ਕੀਰਤਿ ਹੋਇ॥
ਸੋ ਘਰੁ ਰਾਖੁ ਵਡਾਈ ਤੋਇ॥੧॥ ਰਹਾਉ॥
ਵਿਸੁਏ ਚਸਿਆ ਘੜੀਆ ਪਹਰਾ
ਥਿਤੀ ਵਾਰੀ ਮਾਹੁ ਹੋਆ॥
ਸੂਰਜੁ ਏਕੋ ਰੁਤਿ ਅਨੇਕ॥
ਨਾਨਕ ਕਰਤੇ ਕੇ ਕੇਤੇ ਵੇਸ॥੨॥੨॥

ਰਾਗੁ ਧਨਾਸਰੀ ਮਹਲਾ ੧॥

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ॥੧॥
ਕੈਸੀ ਆਰਤੀ ਹੋਇ॥
ਭਵਖੰਡਨਾ ਤੇਰੀ ਆਰਤੀ॥

Ghar ghar eho paahuchaa,
sadṛe nit pavann.
Sadaṇhaaraa simreeai,
Nanak se dih aavann.4.1.

**Raag Aasaa Mahlaa 1.**

Chhia ghar chhia gur chhe updes.
Gur Gur eko ves anek.1.
Baabaa jai ghar karte keerat hoe.
So ghar raakh vaḍaaee toe.1. Rahaao.
Visue chasiaa ghaṛeeaa pahraa,
thitee vaaree maah hoaa.
Sooraj eko rut anek.
Nanak karte ke kete ves.2.2.

**Raag Dhanaasree Mahlaa 1.**

Gagan mai thaal rav chand deepak bane,
taarikaa manḍal janak motee.
Dhoop mal-aanlo pavaṇ chavro kare,
sagal ban-raae phoolant jotee.1.
Kaisee aartee hoe.
Bhav-khanḍnaa teree aarṭee.

ਅਨਹਤਾ ਸਬਦ ਵਾਜੰਤ ਭੇਰੀ ॥ ੧ ॥ ਰਹਾਉ ॥
ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ
ਸਹਸ ਮੂਰਤਿ ਨਨਾ ਏਕ ਤੁੋਹੀ ॥
ਸਹਸ ਪਦ ਬਿਮਲ ਨਨ ਏਕ ਪਦ
ਗੰਧ ਬਿਨੁ ਸਹਸ ਤਵ ਗੰਧ
ਇਵ ਚਲਤ ਮੋਹੀ ॥ ੨ ॥
ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥
ਜੋ ਤਿਸੁ ਭਾਵੈ ਸੁ ਆਰਤੀ ਹੋਇ ॥ ੩ ॥
ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ
ਅਨਦਿਨੋੁ ਮੋਹਿ ਆਹੀ ਪਿਆਸਾ ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ
ਹੋਇ ਜਾ ਤੇ ਤੇਰੈ ਨਾਇ ਵਾਸਾ ॥ ੪ ॥ ੩ ॥

ਰਾਗੁ ਗਉੜੀ ਪੂਰਬੀ ਮਹਲਾ ੪ ॥

ਕਾਮਿ ਕਰੋਧਿ ਨਗਰੁ ਬਹੁ ਭਰਿਆ
ਮਿਲਿ ਸਾਧੂ ਖੰਡਲ ਖੰਡਾ ਹੇ ॥
ਪੂਰਬਿ ਲਿਖਤ ਲਿਖੇ ਗੁਰੁ ਪਾਇਆ
ਮਨਿ ਹਰਿ ਲਿਵ ਮੰਡਲ ਮੰਡਾ ਹੇ ॥ ੧ ॥
ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ ॥

Anhataa sabad vaajant bheree.1. Rahaao.
Sahas tav nain, nan nain haih tohe kau,
sahas moorat, nanaa ek tohee.
Sahas pad bimal, nan ek pad,
gandh bin, sahas tav gandh,
iv chalat mohee.2.
Sabh mai jot, jot hai soe.
Tis dai chaanaṇ sabh maih chaanaṇ hoe.
Gur Saakhee jot pargaṭ hoe.
Jo tis bhaavai su aartee hoe.3.
Har charaṇ kaval makrand lobhit mano.
andino mohe aahee piaasaa.
Kripaa jal deh Nanak saaring kau,
hoe jaa te teṛi naae vaasaa.4.3.

**Raag Gauree Poorbee Mahlaa 4.**

Kaam karodh nagar bahu bhariaa,
mil saadhoo khanḍal khanḍaa he.
Poorab likhat likhe Guru paae-aa
Man Har liv manḍal manḍaa he.1.
Kar saadhoo anjulee pun vaḍaa he.

ਕਰਿ ਡੰਡਉਤ ਪੁਨੁ ਵਡਾ ਹੇ॥ ੧॥ ਰਹਾਉ॥
ਸਾਕਤ ਹਰਿ ਰਸ ਸਾਦੁ ਨ ਜਾਣਿਆ
ਤਿਨ ਅੰਤਰਿ ਹਉਮੈ ਕੰਡਾ ਹੇ॥
ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ
ਜਮਕਾਲੁ ਸਹਹਿ ਸਿਰਿ ਡੰਡਾ ਹੇ॥ ੨॥
ਹਰਿ ਜਨ ਹਰਿ ਹਰਿ ਨਾਮਿ ਸਮਾਣੇ
ਦੁਖੁ ਜਨਮ ਮਰਣ ਭਵ ਖੰਡਾ ਹੇ॥
ਅਬਿਨਾਸੀ ਪੁਰਖੁ ਪਾਇਆ ਪਰਮੇਸਰੁ
ਬਹੁ ਸੋਭ ਖੰਡ ਬ੍ਰਹਮੰਡਾ ਹੇ॥ ੩॥
ਹਮ ਗਰੀਬ ਮਸਕੀਨ ਪ੍ਰਭ ਤੇਰੇ
ਹਰਿ ਰਾਖੁ ਰਾਖੁ ਵਡ ਵਡਾ ਹੇ॥
ਜਨ ਨਾਨਕ ਨਾਮੁ ਅਧਾਰੁ ਟੇਕ ਹੈ
ਹਰਿ ਨਾਮੇ ਹੀ ਸੁਖੁ ਮੰਡਾ ਹੇ॥ ੪॥ ੪॥

ਰਾਗੁ ਗਉੜੀ ਪੂਰਬੀ ਮਹਲਾ ੫॥

ਕਰਉ ਬੇਨੰਤੀ ਸੁਣਹੁ ਮੇਰੇ ਮੀਤਾ
ਸੰਤ ਟਹਲ ਕੀ ਬੇਲਾ॥
ਈਹਾ ਖਾਟਿ ਚਲਹੁ ਹਰਿ ਲਾਹਾ
ਆਗੈ ਬਸਨੁ ਸੁਹੇਲਾ॥ ੧॥
ਅਉਧ ਘਟੈ ਦਿਨਸੁ ਰੈਣਾਰੇ॥
ਮਨ ਗੁਰ ਮਿਲਿ ਕਾਜ ਸਵਾਰੇ॥ ੧॥ ਰਹਾਉ॥

Kar ḍanḍaut pun vaḍaa he.1.Rahaao.
Saakat Har ras saad na jaaṇiaa,
tin antar haumai kanḍaa he.
Jio jio chaleh chubhai dukh paaveh,
jam-kaal saheh sir ḍanḍaa he.2.
Har jan Har Har Naam samaaṇe,
dukh janam maran bhav khanḍaa he.
Abinaasee Purakh paae-aa Parmesar,
Bahu sobh khanḍ brahmanḍaa he.3.
Ham greeb maskeen Prabh tere,
Har raakh raakh vaḍ vaḍaa he.
Jan Nanak Naam adhaar teḳ hai
Har Naame hee sukh manḍaa he.4.4.

**Raag Gauree Poorbee Mahlaa 5.**

Karau benantee suṇoh mere meetaa
sant ṭahal kee belaa.
Eehaa khaat chaloh Har laahaa,
aagai basan suhelaa.1.
Audh ghaṭai dinas raiṇaare.
Man Guru mil kaaj savaare.1. Rahaao.

ਇਹੁ ਸੰਸਾਰੁ ਬਿਕਾਰੁ ਸੰਸੇ ਮਹਿ
ਤਰਿਓ ਬ੍ਰਹਮ ਗਿਆਨੀ ॥
ਜਿਸਹਿ ਜਗਾਇ ਪੀਆਵੈ ਇਹੁ ਰਸੁ
ਅਕਥ ਕਥਾ ਤਿਨਿ ਜਾਨੀ ॥ ੨ ॥
ਜਾ ਕਉ ਆਏ ਸੋਈ ਬਿਹਾਝਹੁ
ਹਰਿ ਗੁਰ ਤੇ ਮਨਹਿ ਬਸੇਰਾ ॥
ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ
ਬਹੁਰਿ ਨ ਹੋਇਗੋ ਫੇਰਾ ॥ ੩ ॥
ਅੰਤਰਜਾਮੀ ਪੁਰਖ ਬਿਧਾਤੇ
ਸਰਧਾ ਮਨ ਕੀ ਪੂਰੇ ॥
ਨਾਨਕ ਦਾਸੁ ਇਹੈ ਸੁਖੁ ਮਾਗੈ
ਮੋਕਉ ਕਰਿ ਸੰਤਨ ਕੀ ਧੂਰੇ ॥ ੪ ॥ ੫ ॥

★ ★ ★

Eh sansaar bikaar sanse maih,
tario brahm giaanee.
Jiseh jagaae peeaavai eh ras,
akath kathaa tin jaanee.2.
Jaa kau aae soee bihaajhoh,
Har Gur te maneh baseraa.
Nij ghar mahal paavoh sukh sahje,
bahuṛ na hoego pheraa.3.
Antarjaamee Purakh bidhaate,
sardhaa man kee poore.
Nanak daas ehai sukh maagai,
mo-kau kar santan kee dhoore.4.5.

❋ ❋ ❋